CHANGE BELOW SENTENCES INTO ਭੂਤਕਾਲ. We will change these sentences into ਭਵਿੱਖਤ ਕਾਲ (**in class)**

| |
|---|
| ਮਟਰਾਂ ਦੀਆਂ ਫਲੀਆਂ ਵੇਲਾਂ ਨੂੰ ਲੱਗੀਆਂ ਹਨ। |
| ਟਮਾਟਰ ਗੋਲ-ਗੋਲ ਹਨ। |
| ਟਮਾਟਰ ਬੂਟਿਆਂ ਉੱਤੇ ਗੁੱਛਿਆਂ ਵਿਚ ਲੱਗੇ ਹਨ। |
| ਫ਼ਲੀਆਂ ਲੰਮੇ-ਲੰਮੇ ਬੂਟਿਆਂ ਨੂੰ ਲੱਗੀਆਂ ਹਨ। |
| ਤੋਰੀਆਂ ਵੇਲਾਂ ਨਾਲ ਲੱਗੀਆਂ ਹਨ। |
| ਬੇਬੇ ਫੱਤੋ ਗੋਭੀ ਦੀ ਸਬਜ਼ੀ ਬਣਾਉਂਦੀ ਹੈ। |
| ਗਾਜਰਾਂ ਜ਼ਮੀਨ ਦੇ ਹੇਠਾਂ ਉੱਗਦੀਆਂ ਹਨ। |
| ਬੇਬੇ ਫੱਤੋ ਬੈਂਗਣਾਂ ਦਾ ਭੜਥਾ ਬਣਾਉਂਦੀ ਹੈ। |
| ਗੋਭੀ ਦੇ ਫੁੱਲ ਬਹੁਤ ਵੱਡੇ ਹਨ। |
| ਮੁਰਗ਼ਾ ਰੋਜ਼ ਸਵੇਰੇ ਬਾਂਗ ਦੇ ਕੇ ਬਾਬੇ ਦਿੱਤੇ ਨੂੰ ਜਗਾਉਂਦਾ ਹੈ। |

| |
|---|
| ਅੰਡਿਆਂ ਵਿੱਚੋਂ ਛੋਟੇ-ਛੋਟੇ ਰੰਗ-ਬਿਰੰਗੇ ਚੂਚੇ ਨਿਕਲਦੇ ਹਨ। |
| ਗਾਂ ਬਾਬੇ ਦਿੱਤੇ ਨੂੰ ਸਵੇਰੇ-ਸ਼ਾਮ ਦੁੱਧ ਦੀ ਬਾਲਟੀ ਦਿੰਦੀ ਹੈ। |
| ਬਿੱਲੀ ਦੇ ਛੋਟੇ-ਛੋਟੇ ਬਲੂੰਗੜੇ ਹਨ। |
| ਉਹ ਬਾਬੇ ਲਈ ਰੋਟੀ ਪਕਾਉਂਦੀ ਹੈ, |
| ਦਹੀਂ ਬਣਾਉਂਦੀ ਹੈ, ਲੱਸੀ ਰਿੜਕਦੀ ਹੈ, |
| ਮੱਖਣ ਕੱਢਦੀ ਹੈ, ਬਾਬੇ ਦੇ ਕੱਪੜੇ ਧੋਂਦੀ ਹੈ, |
| ਚਰਨਜੀਤ ਦੇ ਦਾਦੀ ਜੀ ਉਹਨਾਂ ਦੇ ਨਾਲ ਰਹਿੰਦੇ ਹਨ। |
| ਪਿਤਾ ਜੀ ਇੱਕ ਫ਼ੈਕਟਰੀ ਵਿੱਚ ਕੰਮ ਕਰਦੇ ਹਨ। |
| ਗਿਲਹਿਰੀਆਂ ਫ਼ਾਰਮ ਦੇ ਫਲ ਅਤੇ ਸਬਜ਼ੀਆਂ ਖਾ ਜਾਂਦੀਆਂ ਹਨ। |

Fill in the blanks using an adjective.

1. ਇਹ ਕਿਤਾਬ .......... ਹੈ ।
2. ਇਹ ਚਿੱਠੀ ........... ਹੈ ।
3. ਇਹ ਲਫ਼ਾਫ਼ਾ .......... ਹੈ ।
4. ਇਹ ਤਸਵੀਰ .......... ਹੈ ।
5. ਇਹ ਟਿਕਟ ........... ਹੈ ।
6. ਇਹ ਘੋੜੇ .......... ਹਨ ।
7. ਇਹ ਮੁੰਡੇ .......... ਹਨ ।
8. ਇਹ ਗਾਂਵਾਂ .......... ਹਨ ।
9. ਇਹ ਊਠ .......... ਹਨ ।
10. ਇਹ ਮੇਜ਼ ............ ਹੈ ।

SIKHBOOKCLUB.COM

Translate into Punjabi

| | |
|---|---|
| Red pen | |
| Beautiful girls | |
| Small table | |
| Green table | |
| Black sheep | |
| Sweet water | |
| Big apple | |
| Fat pig | |
| Soft Hand | |

Read below

ਵਾਕ ਕੀ ਹੈ? (What is a Sentence?)

ਵਾਕ ਦੀ ਬਣਤਰ (Sentence Breakdown)

ਤਿੰਨ ਭਾਗ ਹੁੰਦੇ ਹਨ : ਕਰਤਾ, ਕਿਰਿਆ ਤੇ ਕਰਮ (Subject, Verb and Object)

ਕੁੜੀ ਪੜ੍ਹਦੀ ਹੈ ।

ਕੁੜੀ : ਕਰਤਾ (Subject)

ਪੜ੍ਹਦੀ : ਕਿਰਿਆ (Action Verb)

ਹੈ : ਸਹਾਇਕ ਕਿਰਿਆ (Auxiliary Verb)

Exercise: Identify the different parts of each of the following sentences:

੧) ਚਿੜੀ ਉੱਡਦੀ ਹੈ ।

੨) ਮੈਂ ਜਾਂਦਾ ਹਾਂ ।

੩) ਪਾਲ ਖੇਡਦਾ ਹੈ ।

੪) ਢੋਲ ਵੱਜਦਾ ਹੈ ।

੫) ਦੁੱਧ ਉਬਲਦਾ ਹੈ

| ਕਰਤਾ (Subject) | ਕਿਰਿਆ (Action Verb) ਸਹਾਇਕ ਕਿਰਿਆ (Auxiliary Verb) |
|---|---|
| | |
| | |
| | |
| | |
| | |
| | |

Read below essay and write 4-5 Paragraph in your own words.

## 6. ਗੁਰਪਰੀਤ ਦਾ ਘਰ

ਇਹ ਗੁਰਪਰੀਤ ਦਾ ਘਰ ਹੈ। ਗੁਰਪਰੀਤ ਦੇ ਘਰ ਦਾ ਨੰਬਰ 35 ਹੈ। ਗੁਰਪਰੀਤ ਦਾ ਘਰ ਪਾਰਕ ਲੇਨ ਵਿੱਚ ਹੈ। ਗੁਰਪਰੀਤ ਦਾ ਘਰ ਲੀਡਜ਼ ਸ਼ਹਿਰ ਵਿੱਚ ਹੈ।

ਗੁਰਪਰੀਤ ਦੇ ਘਰ ਦੀਆਂ ਦੋ ਮੰਜ਼ਲਾਂ ਹਨ। ਉਪਰਲੀ ਮੰਜ਼ਲ 'ਤੇ ਤਿੰਨ ਕਮਰੇ ਹਨ। ਗ਼ੁਸਲਖ਼ਾਨਾ ਤੇ ਸ਼ਾਵਰ ਵੀ ਉਪਰਲੀ ਮੰਜ਼ਲ 'ਤੇ ਹੀ ਹਨ। ਥੱਲੇ ਇੱਕ ਵੱਡਾ ਕਮਰਾ ਹੈ। ਥੱਲੇ ਹੀ ਇੱਕ ਰਸੋਈ, ਇੱਕ ਖਾਣ ਵਾਲਾ ਕਮਰਾ, ਇੱਕ ਪੜ੍ਹਨ ਵਾਲਾ ਕਮਰਾ ਅਤੇ ਇੱਕ ਟੌਇਲਿਟ ਹੈ। ਖਾਣ ਵਾਲਾ ਕਮਰਾ ਰਸੋਈ ਦੇ ਕੋਲ ਹੈ।

SIKHBOOKCLUB.COM

ਵੱਡੇ ਕਮਰੇ ਵਿੱਚ ਇੱਕ ਸੋਫ਼ਾ ਸੈਟ, ਇੱਕ ਮੇਜ਼, ਇੱਕ ਵੱਡੀ ਅਲਮਾਰੀ ਅਤੇ ਇੱਕ ਟੈਲੀਵਿਯਨ ਹੈ। ਖਾਣ ਵਾਲੇ ਕਮਰੇ ਵਿੱਚ ਇੱਕ ਮੇਜ਼ ਅਤੇ ਛੇ ਕੁਰਸੀਆਂ ਹਨ। ਸਾਰੇ ਕਮਰਿਆਂ ਵਿੱਚ ਹਰੇ ਰੰਗ ਦੀ ਕਾਰਪਿਟ ਹੈ। ਕੰਧਾਂ 'ਤੇ ਕੁਝ ਤਸਵੀਰਾਂ ਹਨ। ਸੌਣ ਵਾਲਿਆਂ ਕਮਰਿਆਂ ਵਿੱਚ ਇੱਕ ਇੱਕ ਮੰਜਾ ਅਤੇ ਕਈ ਹੋਰ ਚੀਜ਼ਾਂ ਹਨ। ਟੈਲੀਫ਼ੋਨ ਪੌੜੀਆਂ ਦੇ ਕੋਲ ਹੈ।

ਗੁਰਪਰੀਤ ਦੇ ਘਰ ਨਾਲ ਇੱਕ ਵੱਡੀ ਗੈਰਿਜ ਹੈ। ਗੈਰਿਜ ਵਿੱਚ ਗੁਰਪਰੀਤ ਦੇ ਪਿਤਾ ਜੀ ਕਾਰ ਖੜ੍ਹੀ ਕਰਦੇ ਹਨ। ਘਰ ਦੇ ਅੱਗੇ ਇੱਕ ਛੋਟਾ ਬਗ਼ੀਚਾ ਹੈ ਪਰ ਪਿਛਲਾ ਬਗ਼ੀਚਾ ਬਹੁਤ ਵੱਡਾ ਹੈ। ਦੋਹਾਂ ਬਗ਼ੀਚਿਆਂ ਵਿੱਚ ਹਰਾ ਘਾਹ ਅਤੇ ਫੁੱਲਾਂ ਦੇ ਬੂਟੇ ਹਨ।

ਰਸੋਈ ਵਿੱਚ ਫ਼ਰਿਜ, ਕੁੱਕਰ, ਕਪੜੇ ਧੋਣ ਵਾਲੀ ਮਸ਼ੀਨ, ਭਾਂਡੇ ਧੋਣ ਵਾਲੀ ਮਸ਼ੀਨ ਅਤੇ ਹੋਰ ਕਈ ਚੀਜ਼ਾਂ ਹਨ। ਰਸੋਈ ਵਿੱਚ ਵੀ ਕਾਰਪਿਟ ਪਾਈ ਹੋਈ ਹੈ।

ਗੁਰਪਰੀਤ ਦਾ ਘਰ ਸ਼ਹਿਰ ਦੇ ਕੇਂਦਰ ਤੋਂ ਕੋਈ ਦੂਰ ਨਹੀਂ ਹੈ। ਇਹ ਚਰਚ ਦੇ ਕੋਲ ਹੈ। ਇਹ ਨਵਾਂ ਘਰ ਹੈ।

### ਅਭਿਆਸ (Exercise)

SIKHBOOKCLUB.COM

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :
   1) ਗੁਰਪਰੀਤ ਦੇ ਘਰ ਦਾ ਪੂਰਾ ਪਤਾ ਲਿਖੋ।
   2) ਗੁਰਪਰੀਤ ਦੇ ਘਰ ਦੀਆਂ ਕਿੰਨੀਆਂ ਮੰਜ਼ਲਾਂ ਹਨ ?
   3) ਉਪਰਲੀ ਮੰਜ਼ਲ 'ਤੇ ਕਿੰਨੇ ਕਮਰੇ ਹਨ ?
   4) ਗ਼ੁਸਲਖ਼ਾਨਾ ਤੇ ਸ਼ਾਵਰ ਕਿੱਥੇ ਹਨ ?
   5) ਥੱਲੇ ਦੀਆਂ ਮੰਜ਼ਲਾਂ 'ਤੇ ਕੀ ਹੈ ?
   6) ਹਾਲ ਕਮਰੇ ਵਿੱਚ ਕੀ ਹੈ ?
   7) ਕਾਰਪਿਟ ਦਾ ਕੀ ਰੰਗ ਹੈ ?
   8) ਟੈਲੀਫ਼ੋਨ ਕਿੱਥੇ ਹੈ ?
   9) ਬਗ਼ੀਚਿਆਂ ਵਿੱਚ ਕੀ ਹੈ ?
   10) ਰਸੋਈ ਵਿੱਚ ਕੀ ਹੈ ?

# Virsa homework

1. READ **ਅੰਮ੍ਰਿਤਸਰ**...SAKHI AND COMPELTE QUESTION ANSWERES THEN WRITE A SUMMARY IN YOUR OWN WORDS .
2. READ ਸੱਚੀ ਨਮਾਜ਼ AND WRITE A SUMMARY IN YOUR OWN WORDS.
3. HISTORY QUESTIONS 101-130